# PUNJABI

## (2021-22)

## Code No - 104

## Class XI

| | |
|---|---|
| ਪਰੀਖਿਆ ਲਈ ਸਮਾਂ — ਟਰਮ I (90 ਮਿੰਟ)<br>ਟਰਮ II (2 ਘੰਟੇ) | ਬਹੁ-ਵਿਕਲਪੀ ਪਰੀਖਿਆ - ਟਰਮ I (40 ਅੰਕ)<br>ਲਿਖਤੀ ਪਰੀਖਿਆ - ਟਰਮ II (40 ਅੰਕ) — 80 ਅੰਕ |
| | ਆਂਤਰਿਕ ਮੁਲਾਂਕਣ — ਟਰਮ I (10 ਅੰਕ)<br>ਟਰਮ II (10 ਅੰਕ) — 20 ਅੰਕ<br>ਕੁੱਲ - 100 ਅੰਕ |

ਸੀਨੀਅਰ ਸੈਕੰਡਰੀ ਪੱਧਰ 'ਤੇ ਪੰਜਾਬੀ ਪੜ੍ਹਨ ਵਾਲ਼ੇ ਵਿਦਿਆਰਥੀ, ਦਸਵੀਂ ਤੱਕ ਪੰਜਾਬੀ ਭਾਸ਼ਾ ਦਾ ਅਧਿਐਨ ਕਰ ਆਏ ਹਨ। ਉਹਨਾਂ ਦੇ ਗਿਆਨ ਦਾ ਘੇਰਾ, ਘਰ-ਪਰਵਾਰ, ਸਕੂਲ, ਪ੍ਰਾਂਤ ਅਤੇ ਦੇਸ ਤੋਂ ਅੱਗੇ ਕੌਮਾਂਤਰੀ ਪੱਧਰ ਤੱਕ ਫੈਲ ਚੁੱਕਿਆ ਹੈ। ਉਹ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪਰਿਪੇਖ ਵਿੱਚ ਆਪਣੀ ਸੋਚ ਵਿਕਸਤ ਕਰ ਰਹੇ ਹਨ। ਉਹ ਸਾਹਿਤ ਦੇ ਰੂਪਾਂ ਅਤੇ ਰੂਪਾਕਾਰਾਂ ਬਾਰੇ ਵੀ ਜਾਣਦੇ ਹਨ। ਉਹਨਾਂ ਦਾ ਵਿਆਕਰਨ ਦਾ ਗਿਆਨ ਕਾਫ਼ੀ ਚੰਗੇਰਾ ਹੋ ਚੁੱਕਿਆ ਹੈ। ਉਹ ਖ਼ੁਦ ਕਿਸ਼ੋਰ ਹੋ ਗਏ ਹਨ, ਸੋ ਭਾਸ਼ਾ ਦੀ ਸਹੀ ਰੂਪ ਵਿੱਚ ਵਰਤੋਂ ਉਹਨਾਂ ਦੀ ਸ਼ਖ਼ਸ਼ੀਅਤ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਰਹੀ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਹੀ ਨਹੀਂ ਮੌਲਿਕ ਲੇਖਣ ਅਤੇ ਮੌਖਿਕ ਪ੍ਰਗਟਾਅ ਵੀ ਉਹਨਾਂ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ। ਸੋ ਇਹ ਯਤਨ ਕੀਤਾ ਗਿਆ ਹੈ ਕਿ ਵਿਦਿਆਰਥੀ ਆਪਣੇ ਖਿਲਰੇ-ਪੁਲਰੇ ਵਿਚਾਰਾਂ ਨੂੰ ਬੜੇ ਸਰਲ, ਸਹਿਜ ਤੇ ਮੌਲਿਕ ਰੂਪ ਵਿੱਚ ਪੇਸ਼ ਕਰਨ ਦੀ ਸਮਰੱਥਾ ਵਧਾ ਸਕੇ।

ਵਿਸ਼ਵ ਪੱਧਰ 'ਤੇ ਪੰਜਾਬੀ ਭਾਸ਼ਾ ਪ੍ਰਫੁਲਿਤ ਹੋ ਚੁੱਕੀ ਹੈ। ਜਿਸ ਸਦਕਾ ਵਿੱਦਿਆ ਦੇ ਖੇਤਰ ਵਿੱਚ ਸੰਸਾਰ ਪੱਧਰ ਦੀਆਂ ਭਾਸ਼ਾਵਾਂ ਨੇ ਜਿਵੇਂ-ਜਿਵੇਂ ਅੰਤਰਰਾਸ਼ਟਰੀ ਮੰਚ ਉੱਤੇ ਆਪਣਾ ਪ੍ਰਭਾਵ ਪਾਇਆ ਹੈ। ਉਸੇ ਤਰ੍ਹਾਂ ਪੰਜਾਬੀ ਭਾਸ਼ਾ ਨੇ ਵੀ ਆਪਣੇ ਸੱਭਿਆਚਾਰ ਤੇ ਸੰਸਕ੍ਰਿਤੀ ਨਾਲ਼ ਵਿਸ਼ਵੀਕਰਨ ਦੇ ਦੌਰ ਵਿੱਚ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ।

ਭਾਸ਼ਾ ਦੇ ਪ੍ਰਗਟਾਅ ਲਈ ਸੀ.ਬੀ.ਐੱਸ.ਈ. ਨੇ ਵੀ ਅਹਿਮ ਉਪਰਾਲਾ ਕਰਕੇ, ਪਾਠ-ਕ੍ਰਮ ਨੂੰ ਉਚੇਚੇ ਤੇ ਵਿਸ਼ੇਸ਼ ਢੰਗ ਨਾਲ਼ ਉਸ ਵਿੱਚ ਬਦਲਾਓ ਲਿਆਉਂਦੇ ਹੋਏ 20 **ਅੰਕਾਂ ਦੇ ਆਂਤਰਿਕ ਮੁਲਾਂਕਣ** ਨਾਲ਼ ਵਿਅਕਤੀਗਤ ਪੜਚੋਲ ਰਾਹੀਂ ਵਿਦਿਆਰਥੀ ਦੀ ਸ਼ਖਸ਼ੀਅਤ ਨੂੰ ਉਭਾਰਨ ਦਾ ਉਪਰਾਲਾ ਕੀਤਾ ਹੈ। 80 **ਅੰਕ** ਪਰੰਪਰਾ ਨੂੰ ਅੱਗੇ ਤੋਰਦੇ ਹੋਏ **ਲਿਖਤੀ ਪਰੀਖਿਆ** ਲਈ ਰਾਖਵੇਂ ਰੱਖੇ ਗਏ ਹਨ।

> ਪੰਜਾਬੀ ਭਾਸ਼ਾ ਦਾ ਵਿਸ਼ੇਸ਼ ਦਰਜਾ ਹੋਣ ਕਰਕੇ ਵਿਦਿਆਰਥੀ
> ਦਾ **ਆਂਤਰਿਕ ਮੁਲਾਂਕਣ ਪਰੀਖਿਅਕ** ਵੱਲੋਂ ਕੀਤਾ ਜਾਣਾ ਜ਼ਰੂਰੀ ਹੈ।

## 1. ਲਿਖਤੀ ਪਰੀਖਿਆ

**(Written Exam - 40-+40=80 Marks)**

| ਇਕਾਈ /ਸਿੱਖਣ ਦਾ ਖੇਤਰ | ਟਰਮ I ਅੰਕ | ਟਰਮ II ਅੰਕ | ਪੀਰੀਅਡ |
|---|---|---|---|
| **ਭਾਸ਼ਾ** | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 5 | | 10 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | – | 20 | 35 |
| (ੲ) ਅਨੁਵਾਦ ਅਤੇ ਵਿਆਕਰਨ | 21 | 9 | 30 |
| **ਪੰਜਾਬੀ ਲੋਕ-ਸਾਹਿਤ** | 14 | 11 | 85 |

## 2. ਆਂਤਰਿਕ ਮੁਲਾਂਕਣ – 10+10=20 ਅੰਕ

**(Internal Assesement - 10-+10=20 Marks)**

| | ਟਰਮ I | ਟਰਮ II |
|---|---|---|
| | 10 ਅੰਕ | 10 ਅੰਕ |

# ਪੰਜਾਬੀ—104
## XI (ਗਿਆਰ੍ਹਵੀਂ)
## ਟਰਮ I ਪਰੀਖਿਆ ਲਈ ਪਾਠ-ਕ੍ਰਮ ਅਤੇ ਅੰਕ-ਵੰਡ (ਨਵੰਬਰ-ਦਸੰਬਰ 2021)

**ਕੁੱਲ ਅੰਕ 40**

## ਭਾਸ਼ਾ

**(1) ਅਡਵਾਂਸ ਪੜ੍ਹਨ ਕੌਸ਼ਲ** 05

ਜਾਣਕਾਰੀ ਭਰਪੂਰ **ਇੱਕ ਅਣਡਿੱਠਾ** ਪੈਰਾ ਤੇ ਉਸ ਨਾਲ਼ ਸੰਬੰਧਿਤ 5 ਪ੍ਰਸ਼ਨ *(ਬਹੁ-ਵਿਕਲਪੀ)* (1X5)=5

**(2) ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ :-** 21

*(ਲਾਜ਼ਮੀ ਪੰਜਾਬੀ 11 ਪਾਠ-ਪੁਸਤਕ ਵਿੱਚ ਦਰਜ ਸ਼ਬਦਾਂ/ਵਾਕਾਂ 'ਤੇ ਆਧਾਰਿਤ)*

I. ਦਫ਼ਤਰੀ ਸ਼ਬਦਾਵਲੀ *(ਬਹੁ-ਵਿਕਲਪੀ ਪ੍ਰਸ਼ਨ)* (ਚੋਣ ਆਧਾਰਿਤ) 1X5=5

II. ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ *(ਬਹੁ-ਵਿਕਲਪੀ ਪ੍ਰਸ਼ਨ)* (ਚੋਣ ਆਧਾਰਿਤ) 1X5=5

III. ਬੈਂਕ, ਰੇਲਵੇ, ਬੀਮਾ-ਸੇਵਾਵਾਂ ਤੇ ਕੰਪਿਊਟਰ ਨਾਲ਼ ਸੰਬੰਧਿਤ ਵਾਕ *(ਬਹੁ-ਵਿਕਲਪੀ ਪ੍ਰਸ਼ਨ)* (ਚੋਣ ਆਧਾਰਿਤ) 1X8=8

**(3) ਮੁਹਾਵਰੇ ੳ ਤੋਂ ਖ ਤੱਕ ਪਹਿਲੇ 32** *(ਬਹੁ-ਵਿਕਲਪੀ ਪ੍ਰਸ਼ਨ)* (ਚੋਣ ਆਧਾਰਿਤ) 1X3=3

*(ਲਾਜ਼ਮੀ ਪੰਜਾਬੀ 11 ਪਾਠ-ਪੁਸਤਕ ਵਿੱਚ ਦਰਜ ਮੁਹਾਵਰਿਆਂ 'ਤੇ ਆਧਾਰਿਤ)*

## ਪੰਜਾਬੀ ਲੋਕ-ਸਾਹਿਤ *(ਲਾਜ਼ਮੀ ਪੰਜਾਬੀ 11 ਪਾਠ-ਪੁਸਤਕ 'ਤੇ ਆਧਾਰਿਤ)* 14

I. ਲੋਕ-ਗੀਤ (ਸੁਹਾਗ, ਘੋੜੀਆਂ) *(ਬਹੁ-ਵਿਕਲਪੀ ਪ੍ਰਸ਼ਨ) (ਚੋਣ ਆਧਾਰਿਤ)* 1X7=7

II. ਲੋਕ-ਗੀਤ (ਬੋਲੀਆਂ, ਢੋਲਾ) *(ਬਹੁ-ਵਿਕਲਪੀ ਪ੍ਰਸ਼ਨ) (ਚੋਣ ਆਧਾਰਿਤ)* 1X7=7

**ਨਿਰਧਾਰਿਤ ਪਾਠ-ਪੁਸਤਕ : ਲਾਜ਼ਮੀ ਪੰਜਾਬੀ 11 (ਪੰਜਾਬ ਸਕੂਲ ਸਿੱਖਿਆ ਬੋਰਡ)**

> ਨੋਟ - ਲਾਜ਼ਮੀ ਪੰਜਾਬੀ 11 ਪਾਠ-ਪੁਸਤਕ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੀ ਵੈੱਬਸਾਈਟ : www.pseb.ac.in 'ਤੇ ਵੀ ਉਪਲਬਧ ਹੈ।

# ਪੰਜਾਬੀ—104

## XI (ਗਿਆਰ੍ਹਵੀਂ)

## ਟਰਮ II ਪਰੀਖਿਆ ਲਈ ਪਾਠ-ਕ੍ਰਮ ਅਤੇ ਅੰਕ-ਵੰਡ (ਮਾਰਚ-ਅਪ੍ਰੈਲ 2022)

**ਕੁੱਲ ਅੰਕ 40**

**ਭਾਸ਼ਾ** 9

(1) ਮੁਹਾਵਰੇ ਗ ਤੋਂ ਡ ਤੱਕ ਪਹਿਲੇ 33 ਤੋਂ 55 ਤੱਕ (ਲਾਜ਼ਮੀ ਪੰਜਾਬੀ 11 ਪਾਠ-ਪੁਸਤਕ 'ਤੇ ਆਧਾਰਿਤ)

(ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਉਣਾ) (ਚੋਣ ਆਧਾਰਿਤ) 1X2=2

(2) ਇਸ਼ਤਿਹਾਰ/ਸੱਦਾ-ਪੱਤਰ (ਚੋਣ ਆਧਾਰਿਤ) (50 ਸ਼ਬਦਾਂ ਵਿੱਚ) 07

(3) ਪ੍ਰਭਾਵਸ਼ਾਲੀ ਲਿਖਣ-ਕੌਸ਼ਲ 20

ਇਸ ਵਿੱਚ ਵੱਖ-ਵੱਖ ਪ੍ਰਸ਼ਨ ਹੇਠ ਲਿਖੇ ਅਨੁਸਾਰ ਪੁੱਛੇ ਜਾਣਗੇ

**I.** ਅਖ਼ਬਾਰਾਂ ਦੇ ਸੰਪਾਦਕ ਨੂੰ ਪੱਤਰ (ਚੋਣ ਆਧਾਰਿਤ) (ਲਾਜ਼ਮੀ ਪੰਜਾਬੀ 11 ਪਾਠ-ਪੁਸਤਕ 'ਤੇ ਆਧਾਰਿਤ) 08

**II.** ਸਮਾਜਿਕ, ਸੱਭਿਆਚਾਰਕ ਅਤੇ ਮਨੋਰੰਜਨ ਵਿਸ਼ੇ ਸੰਬੰਧੀ 200-250 ਸ਼ਬਦਾਂ 'ਚ ਲੇਖ (ਚੋਣ ਆਧਾਰਿਤ) 12

**ਪੰਜਾਬੀ ਲੋਕ-ਸਾਹਿਤ** *(ਲਾਜ਼ਮੀ ਪੰਜਾਬੀ 11 ਪਾਠ-ਪੁਸਤਕ 'ਤੇ ਆਧਾਰਿਤ)* 11

**I.** ਲੋਕ-ਗੀਤਾਂ (ਟੱਪਾ, ਬੁਝਾਰਤਾਂ) ਵਿੱਚੋਂ ਚੋਣਵੀਆਂ ਸਤਰਾਂ 'ਤੇ ਆਧਾਰਿਤ **ਇੱਕ ਵਾਕ ਵਾਲ਼ੇ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ** *(ਚੋਣ ਆਧਾਰਿਤ)* 1X3=3

**II.** ਲੋਕ-ਗੀਤਾਂ (ਟੱਪਾ, ਬੁਝਾਰਤਾਂ) ਵਿੱਚੋਂ ਚੋਣਵੀਆਂ ਸਤਰਾਂ 'ਤੇ ਆਧਾਰਿਤ 25-30 ਸ਼ਬਦਾਂ ਵਿੱਚ ਦੋ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ (ਚੋਣ ਆਧਾਰਿਤ) 2X2=4

**III.** ਦੰਤ-ਕਥਾਵਾਂ ਅਤੇ ਪ੍ਰੀਤ ਕਥਾਵਾਂ 'ਤੇ 25-30 ਸ਼ਬਦਾਂ ਵਿੱਚ ਸੰਖੇਪ ਉੱਤਰ ਵਾਲ਼ੇ ਪ੍ਰਸ਼ਨ (ਚੋਣ ਆਧਾਰਿਤ) 2X2=4

**ਨਿਰਧਾਰਿਤ ਪਾਠ-ਪੁਸਤਕ : ਲਾਜ਼ਮੀ ਪੰਜਾਬੀ 11 (ਪੰਜਾਬ ਸਕੂਲ ਸਿੱਖਿਆ ਬੋਰਡ)**

> **ਨੋਟ - ਲਾਜ਼ਮੀ ਪੰਜਾਬੀ 11 ਪਾਠ-ਪੁਸਤਕ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੀ ਵੈੱਬਸਾਈਟ : www.pseb.ac.in 'ਤੇ ਵੀ ਉਪਲਬਧ ਹੈ।**

# ਗਿਆਰ੍ਹਵੀਂ ਜਮਾਤ ਦੀ ਟਰਮ II ਪਰੀਖਿਆ ਲਈ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ ਤੇ ਅੰਕ ਵੰਡ (ਕੁੱਲ ਅੰਕ 40)
## (ਅਪ੍ਰੈਲ 2021 ਤੋਂ ਮਾਰਚ 2022)

| ਕ੍ਰਮ ਨੰ. | ਸਿੱਖਣ ਸਿਖਾਉਣ ਦੀ ਮੁਲਾਂਕਣ ਵਿਧੀ/ਕੌਸ਼ਲ ਪ੍ਰਸ਼ਨਾਂ ਦੀਆਂ ਕਿਸਮਾਂ | ਛੋਟੇ ਉੱਤਰ ਵਾਲ਼ੇ ਪ੍ਰਸ਼ਨ 1 ਅੰਕ | ਛੋਟੇ ਉੱਤਰ ਵਾਲ਼ੇ ਪ੍ਰਸ਼ਨ 2,3 ਅੰਕ | ਲੰਮੇ ਉੱਤਰ ਵਾਲ਼ੇ ਪ੍ਰਸ਼ਨ 7,8,12 ਅੰਕ | ਅੰਕ | % |
|---|---|---|---|---|---|---|
| 1. | **ਪਾਠ-ਪੁਸਤਕ 'ਤੇ ਆਧਾਰਿਤ** (ਸ਼ੁੱਧ ਲੇਖਣੀ, ਵਿਸ਼ਾ-ਵਸਤੂ, ਤਰਕਸ਼ੀਲਤਾ, ਰਚਨਾਤਮਿਕਤਾ) | ਸੰਖੇਪ ਉੱਤਰਾਂ ਵਾਲ਼ੇ 1x3(3) (VSQ) | 2x4(8) (SQ) | | 11 | 27.5% |
| 2. | **ਸਮਝ-ਸੂਝ ਆਧਾਰਿਤ** (ਜਾਣਕਾਰੀ ਭਰਪੂਰ ਅਣਡਿੱਠ ਪੈਰਾ) | — | | | | |
| 3. | **ਵਿਹਾਰਕ** (ਵਿਹਾਰਕ ਗਿਆਨ ਦੇ ਨਵੇਂ ਸਿਧਾਂਤ) *ਅਨੁਮਾਨਿਤ ਕਿਸਮਾਂ* | ਛੋਟੇ ਉੱਤਰ ਵਾਲੇ ਪ੍ਰਸ਼ਨ 1x2(2) (VSQ) | — | — 7x1 (7) (LQ) | 9 | 22.5% |
| 4. | **ਸਿਰਜਣਾਤਮਿਕ** (ਸਥਿਤੀ ਜਾਂ ਵਿਚਾਰ ਦੀ ਪਰਖ ਲਈ ਰਚਨਾਤਮਿਕ ਮੁਲਾਂਕਣ) | — | — | 8x1 (8) 12x1 (12) (LQ) | 20 | 50% |
| | **ਕੁੱਲ ਅੰਕ** | 5 | 8 | 27 | 40 | 100% |

## ਗਿਆਰ੍ਹਵੀਂ ਜਮਾਤ ਲਈ ਆਂਤਰਿਕ ਮੁਲਾਂਕਣ ਦਾ ਢੰਗ
## Internal Evaluation Method for Class XI

### ਟਰਮ I (10 ਅੰਕ)

* ਸੁਣਨ ਅਤੇ ਬੋਲਣ ਯੋਗਤਾ ਦਾ ਮੁਲਾਂਕਣ (10 ਅੰਕ) ਇਹ ਮੁਲਾਂਕਣ ਅੰਦਰੂਨੀ ਪਰੀਖਿਅਕ ਦੁਆਰਾ ਕੀਤਾ ਜਾਵੇਗਾ, ਜੇ ਸਕੂਲ ਬੰਦ ਰਹਿੰਦੇ ਹਨ ਤਾਂ ਸੁਣਨ ਅਤੇ ਬੋਲਣ ਯੋਗਤਾ ਦਾ ਮੁਲਾਂਕਣ ਅੰਦਰੂਨੀ ਪਰੀਖਿਅਕ ਦੁਆਰਾ ਆਨਲਾਈਨ ਕੀਤਾ ਜਾਵੇਗਾ।

### ਟਰਮ II (10 ਅੰਕ)

* ਪ੍ਰੋਜੈਕਟ ਦਾ ਮੁਲਾਂਕਣ (5 ਅੰਕ), ਜ਼ਬਾਨੀ ਪਰੀਖਿਆ (5 ਅੰਕ) ਨੂੰ ਅੰਦਰੂਨੀ ਅਤੇ ਬਾਹਰੀ ਪਰੀਖਿਅਕ ਵੱਲੋਂ ਸਾਂਝੇ ਤੌਰ ’ਤੇ ਪ੍ਰੋਜੈਕਟ ਦੇ ਆਧਾਰ ’ਤੇ ਲਿਆ ਜਾਵੇਗਾ।
* ਪ੍ਰੋਜੈਕਟ — ਆਂਢ-ਗੁਆਂਢ ਦਾ ਸਰਵੇ/ਰੋਲ ਪਲੇ ਪੇਸ਼ਕਾਰੀ (ਨਿੱਜੀ/ਸਮੂਹ)/ ਕਿਸੇ ਘਟਨਾ ਦਾ ਵਿਸ਼ਲੇਸ਼ਣ/ਕੇਸ ਅਧਿਐਨ/ਇੰਟਰਵਿਊ ਆਧਾਰਿਤ ਖੋਜ/ਕਿਸੇ ਸਾਹਿਤਿਕ ਵਿਸ਼ੇ ਦੀ ਸਮੀਖਿਆ ਆਦਿ।

---

ਵਿਸ਼ੇਸ਼ ਕਥਨ - ਸੈਸ਼ਨ 2021-22 ਲਈ ਜਾਰੀ ਪੰਜਾਬੀ ਦੇ ਇਸ ਸੋਧੇ ਹੋਏ ਪਾਠ-ਕ੍ਰਮ ਵਿੱਚ ਟਰਮ I ਦੀ ਪਰੀਖਿਆ ਵਿੱਚ 40 ਅੰਕਾਂ ਦੇ ਬਹੁ-ਵਿਕਲਪੀ ਪ੍ਰਸ਼ਨ ਹੋਣਗੇ ਅਤੇ ਆਂਤਰਿਕ ਮੁਲਾਂਕਣ 10 ਅੰਕ ਦਾ ਹੋਵੇਗਾ। ਟਰਮ II ਦੀ ਲਿਖਤੀ ਪਰੀਖਿਆ ਵਰਨਾਤਮਿਕ ਹੋਵੇਗੀ। ਜਿਸ ਵਿੱਚ 40 ਅੰਕਾਂ ਦੇ ਵੱਖ-ਵੱਖ ਪ੍ਰਸ਼ਨ ਪੁੱਛੇ ਜਾਣਗੇ ਅਤੇ ਆਂਤਰਿਕ ਮੁਲਾਂਕਣ 10 ਅੰਕ ਦਾ ਹੋਵੇਗਾ।